# ਭਗਤ ਨਾਮਦੇਵ - ਸਬਦ ੩੮

## ਰੇ ਜਿਹਬਾ ਕਰਉ ਸਤ ਖੰਡ ॥

### ਰਾਗੁ ਭੈਰਉ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੧੧੬੩

ਰੇ ਜਿਹਬਾ ਕਰਉ ਸਤ ਖੰਡ ॥
ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥੧॥
ਰੰਗੀ ਲੇ ਜਿਹਬਾ ਹਰਿ ਕੈ ਨਾਇ ॥
ਸੁਰੰਗ ਰੰਗੀਲੇ ਹਰਿ ਹਰਿ ਧਿਆਇ ॥੧॥ ਰਹਾਉ ॥
ਮਿਥਿਆ ਜਿਹਬਾ ਅਵਰੇਂ ਕਾਮ ॥
ਨਿਰਬਾਣ ਪਦੁ ਇਕੁ ਹਰਿ ਕੋ ਨਾਮੁ ॥੨॥
ਅਸੰਖ ਕੋਟਿ ਅਨ ਪੂਜਾ ਕਰੀ ॥
ਏਕ ਨ ਪੂਜਸਿ ਨਾਮੈ ਹਰੀ ॥੩॥
ਪ੍ਰਣਵੈ ਨਾਮਦੇਉ ਇਹੁ ਕਰਣਾ ॥
ਅਨੰਤ ਰੂਪ ਤੇਰੇ ਨਾਰਾਇਣਾ ॥੪॥੧॥

ਸਾਰ: ਬੋਲੀ ਅਤੇ ਇਸ ਦਾ ਪ੍ਰਗਟਾਵ ਮਨੁੱਖ ਨੂੰ ਪ੍ਰਾਪਤ ਸਭ ਤੋਂ ਸ਼ਕਤੀਸ਼ਾਲੀ ਸਾਧਨਾਂ ਵਿਚੋਂ ਹਨ। ਜੋ ਵਿਚਾਰਾਂ ਨੂੰ ਰੂਪ ਦੇਣ, ਭਾਵਨਾਵਾਂ ਨੂੰ ਝੰਜੋੜਣ ਅਤੇ ਕਰਮ ਲਈ ਪ੍ਰੇਰਿਤ ਕਰਨ ਦੇ ਸਮਰੱਥ ਹੁੰਦੇ ਹਨ। ਇਨ੍ਹਾਂ ਵਿਚ ਇਕਜੁੱਟ ਕਰਣ ਜਾਂ ਵੰਡਣ, ਸਪਸ਼ਟਤਾ ਜਾਂ ਭਰਮ, ਆਸ ਨੂੰ ਜਗਾਉਣ ਜਾਂ ਡਰ ਨੂੰ ਪ੍ਰਬਲ ਕਰਨ ਦੀ ਯੋਗਤਾ ਵੀ ਹੁੰਦੀ ਹੈ। ਜਦੋਂ ਇਹ ਬਿਬੇਕ, ਦਇਆ ਅਤੇ ਸੱਚਾਈ 'ਤੇ ਆਧਾਰਿਤ ਹੁੰਦੇ ਹਨ, ਤਾਂ ਇਹ ਮਨੁੱਖੀ ਜੀਵਨ ਨੂੰ ਉੱਚਾ ਚੁੱਕ, ਰਿਸ਼ਦੇ ਜ਼ਖ਼ਮਾਂ ਨੂੰ ਭਰ ਅਤੇ ਰੁਪਾਂਤ੍ਰਿਤ ਵੀ ਕਰ ਸਕਦੇ ਹਨ। ਪਰ ਜਦੋਂ ਇਹ ਹਉਮੈ, ਕ੍ਰੋਧ ਜਾਂ ਛਲ-ਕਪਟ ਤੋਂ ਪ੍ਰੇਰਿਤ ਹੁੰਦੇ ਹਨ, ਤਾਂ ਇਹ ਗੰਭੀਰ ਨੁਕਸਾਨ ਦਾ ਕਾਰਨ ਬਣ ਸਕਦੇ ਹਨ। ਬੋਲੀ ਅਤੇ ਇਸ ਦਾ ਪ੍ਰਗਟਾਵ ਕੇਵਲ ਸੰਚਾਰ ਦਾ ਮਾਧਿਅਮ ਹੀ ਨਹੀਂ ਹਨ; ਸਗੋਂ ਇਹ ਸਾਡੇ ਅੰਤਰੀਵੀ ਸਰੂਪ ਦਾ ਦਰਪਣ ਵੀ ਹਨ। ਇਸ ਲਈ ਸਾਰਥਕ ਅਤੇ ਸੱਚੇ ਸੰਚਾਰ ਲਈ ਸਭ ਤੋਂ ਪਹਿਲਾਂ ਸਾਨੂੰ ਇਮਾਨਦਾਰੀ ਅਤੇ ਨੈਤਿਕਤਾ ਨੂੰ ਅਪਣਾਉਣਾ ਚਾਹੀਦਾ ਹੈ। ਸੰਚਾਰ ਦੀ ਅਸਲ ਤਾਕਤ ਉਸ ਦੀ ਉੱਚੀ ਸੁਰ ਜਾਂ ਇਸ ਵਿਚ ਵਿਗਾੜ ਪੈਦਾ ਕਰਨ ਵਿਚ ਨਹੀਂ, ਸਗੋਂ ਸੱਚਾਈ ਨੂੰ ਪ੍ਰਗਟ ਕਰਨ, ਆਪਸੀ ਸੂਝ

ਨੂੰ ਵਧਾਉਣ ਅਤੇ ਮਨੁੱਖੀ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕਰਨ ਦੀ ਸਮਰੱਥਾ ਵਿਚ ਨਿਹਿਤ ਹੈ। ਆਓ, ਅਸੀਂ ਆਪਣੇ ਸ਼ਬਦਾਂ ਦੀ ਚੋਣ ਸੋਚ-ਸਮਝ ਕੇ ਕਰੀਏ, ਕਿਉਂਕਿ ਸਾਡੇ ਸ਼ਬਦ ਹੀ ਉਸ ਸੰਸਾਰ ਨੂੰ ਰੂਪ ਦਿੰਦੇ ਹਨ ਜਿਸ ਵਿਚ ਅਸੀਂ ਜੀਵਨ ਬਿਤਾਉਂਦੇ ਹਾਂ।

ਰੇ ਜਿਹਬਾ ਕਰਉ ਸਤ ਖੰਡ ॥

ਹੇ ਮੇਰੀ ਜੀਭ! ਮੈਂ ਤੈਨੂੰ ਟੁਕੜੇ-ਟੁਕੜੇ ਕਰ ਦੇਵਾਂ। ਇਹ ਕਥਨ ਹਉਮੈ-ਪ੍ਰੇਰਿਤ ਬੋਲ ਨੂੰ ਮੌਨ ਕਰਨ ਦੇ ਦ੍ਰਿੜ੍ਹ ਸੰਕਲਪ ਨੂੰ ਪ੍ਰਗਟ ਕਰਦਾ ਹੈ, ਜੇ ਉਹ ਕਿਸੇ ਉੱਚੇ ਆਦਰਸ਼ ਲਈ ਭੂਮਿਕਾ ਨਹੀਂ ਨਿਭਾਉਂਦੇ।

ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥੧॥

ਜੇ ਤੂੰ ਸਰਬਸਾਂਝੀ ਨਿਰੰਤਰ ਕਾਇਮ ਰਹਿਣ ਵਾਲੀ ਚੇਤਨਾ ਨੂੰ ਆਦਰ ਪ੍ਰਗਟ ਨਹੀਂ ਕਰਦਾ। ਇਹ ਭਾਵ ਦਰਸਾਉਂਦਾ ਹੈ ਕਿ ਜੇਕਰ ਕਿਸੇ ਵੀ ਤਰ੍ਹਾਂ ਦਾ ਪ੍ਰਗਟਾਵ ਏਕਮ ਸਤਾ ਦੀ ਪਰਮ ਸੱਚਾਈ ਦੀ ਪੁਸ਼ਟੀ ਨਹੀਂ ਕਰਦਾ, ਤਾਂ ਉਹ ਆਪਣਾ ਅਸਲ ਮਹੱਤਵ ਗੁਆ ਬੈਠਦਾ ਹੈ। (੧)

ਰੰਗੀ ਲੇ ਜਿਹਬਾ ਹਰਿ ਕੈ ਨਾਇ ॥

ਆਪਣੀ ਜੀਭ ਨੂੰ ਸਰਬ-ਵਿਆਪਕ ਚੇਤਨਾ ਦੇ ਚਿੰਤਨਮਈ ਪ੍ਰਗਟਾਵ ਦੇ ਰੰਗ ਵਿਚ ਰੰਗ ਲੈ। ਇਹ ਦ੍ਰਿਸ਼ਟਾਂਤ ਦਰਸਾਉਂਦਾ ਹੈ ਕਿ ਜਦੋਂ ਬੋਲੀ ਸੱਚਾਈ, ਅਤੇ ਦਇਆ ਵਿਚ ਰੰਗੀ ਜਾਂਦੀ ਹੈ, ਤਾਂ ਇਹ ਸਰਬ-ਸਾਂਝੀ ਵਾਲਤਾ ਦੀ ਭਾਵਨਾ ਨੂੰ ਪ੍ਰਫੁੱਲਤ ਕਰਦੀ ਹੈ।

ਸੁਰੰਗ ਰੰਗੀਲੇ ਹਰਿ ਹਰਿ ਧਿਆਇ ॥੧॥ ਰਹਾਉ ॥

ਸਰਬ-ਵਿਆਪਕ ਚੇਤਨਾ ਦੇ ਨਿਰੰਤਰ ਸਿਮਰਨ ਵਿਚ ਇਸ ਤਰ੍ਹਾਂ ਰੰਗਿਆ ਜਾ ਕਿ ਤੇਰਾ ਜੀਵਨ ਆਪ ਹੀ ਪ੍ਰਕਾਸ਼ਮਾਨ ਹੋ ਜਾਵੇ। ਇਹ ਅਭਿਆਸ ਮਨੁੱਖ ਨੂੰ ਏਕਤਾ ਦੇ ਬੋਧ ਵਿਚ ਨਿਰੰਤਰ ਜਾਗਰੂਕ ਰਹਿਣ ਲਈ ਪ੍ਰੇਰਿਤ ਕਰਦਾ ਹੈ, ਜਦੋਂ ਤੱਕ ਉਹ ਜਾਗਰੂਕਤਾ ਉਸ ਦੀ ਦ੍ਰਿਸ਼ਟੀ ਅਤੇ ਪ੍ਰਤੀਕਿਰਿਆ ਵਿਚ ਸੁਭਾਵਿਕ ਤੌਰ 'ਤੇ ਪ੍ਰਗਟ ਨਾ ਹੋ ਜਾਵੇ। (੧)(ਠਹਿਰਾਉ)

ਮਿਥਿਆ ਜਿਹਬਾ ਅਵਰੇਂ ਕਾਮ ॥

ਜੀਭ ਦਾ ਹੋਰ ਵਿਸ਼ਿਆਂ ਵਿਚ ਰੁੱਝਣਾ ਵਿਅਰਥ ਹੈ। ਇਹ ਭਾਵ ਦਰਸਾਉਂਦਾ ਹੈ ਕਿ ਵਿਅਰਥ ਬੋਲਣਾ, ਚੁਗ਼ਲੀ ਅਤੇ ਨਿੰਦਿਆ ਮਨੁੱਖ ਦੇ ਅੰਦਰਲੇ ਖ਼ਲਾਅ ਨੂੰ ਭਰਨ ਦੀ ਬਜਾਏ ਉਸ ਨੂੰ ਹੋਰ ਡੂੰਘਾ ਕਰ ਦਿੰਦੇ ਹਨ।

ਨਿਰਬਾਣ ਪਦੁ ਇਕੁ ਹਰਿ ਕੋ ਨਾਮੁ ॥੨॥

ਜਾਗਰੂਕਤਾ ਦੀ ਅਵਸਥਾ ਤਦੋਂ ਪ੍ਰਾਪਤ ਹੁੰਦੀ ਹੈ ਜਦੋਂ ਸਰਬ-ਵਿਆਪਕ ਏਕਮ ਸਤਾ ਦਾ ਚਿੰਤਨ ਕੀਤਾ ਜਾਂਦਾ ਹੈ। ਇਹ ਭਾਵ ਆਪਣੀ ਅੰਤਰਸੰਬੰਧਿਤਾ ਉਪਰ ਚਿੰਤਨ ਰਾਹੀਂ ਸਥਿਰਤਾ ਪ੍ਰਾਪਤ ਕਰਨ ਦਾ ਪ੍ਰਤੀਕ ਹੈ। (੨)

ਅਸੰਖ ਕੋਟਿ ਅਨ ਪੂਜਾ ਕਰੀ ॥

ਬੇਅੰਤ ਕਰੋੜਾਂ ਕਿਸਮਾਂ ਦੀਆਂ ਉਪਾਸਨਾ-ਵਿਧੀਆਂ ਨਿਭਾਈਆਂ ਜਾ ਸਕਦੀਆਂ ਹਨ। ਇਹ ਭਾਵ ਇਸ ਤੱਥ ਵੱਲ ਸੰਕੇਤ ਕਰਦਾ ਹੈ ਕਿ ਅਕਸਰ ਬਾਹਰੀ ਰਸਮੀ ਧਾਰਮਿਕ ਕਰਮਕਾਂਡ ਰੂਹਾਨੀਅਤ ਦੇ ਅਸਲ ਤੱਤਸਾਰ ਤੋਂ ਭਟਕਾ ਸਕਦੇ ਹਨ।

ਏਕ ਨ ਪੂਜਸਿ ਨਾਮੈ ਹਰੀ ॥੩॥

ਇਕ ਵਾਰ ਵੀ ਸਰਬ-ਵਿਆਪਕ ਏਕਮਤਾ ਨੂੰ ਸ਼ਰਧਾ ਦੇ ਫੁੱਲ ਭੇਟ ਨਹੀਂ ਕੀਤੇ ਜਾਂਦੇ। ਇਹ ਭਾਵ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਅੰਤਰੀਵੀ ਚੇਤਨਾ ਨਾਲ ਜੁੜਿਆ ਇਕ ਸੱਚਾ ਪਲ, ਕਰਮਕਾਂਡੀ ਢੰਗ ਨਾਲ ਪੂਰਾ ਜੀਵਨ ਕੀਤੀਆਂ ਰਸਮਾਂ ਨਾਲੋਂ ਮੁੱਲਵਾਨ ਹੁੰਦਾ ਹੈ। (੩)

ਪ੍ਰਣਵੈ ਨਾਮਦੇਉ ਇਹੁ ਕਰਣਾ ॥

ਨਾਮਦੇਵ ਨਿਮਰਤਾ ਨਾਲ ਆਖਦੇ ਹਨ ਕਿ ਕਰਨ ਯੋਗ ਸੱਚਾ ਕਰਮ ਕੇਵਲ ਇਹੀ ਹੈ। ਇਹ ਭਾਵ ਸਰਬ-ਵਿਆਪਕ ਸ਼ਾਂਤੀ ਪ੍ਰਤੀ ਇਕ ਦ੍ਰਿੜ੍ਹ ਅਤੇ ਅਟੱਲ ਵਚਨਬੱਧਤਾ ਦਾ ਸੰਕੇਤ ਦਿੰਦਾ ਹੈ।

ਅਨੰਤ ਰੂਪ ਤੇਰੇ ਨਾਰਾਇਣਾ ॥੪॥੧॥

ਚਿੰਤਨ ਕਰੋ ਕਿ ਇਹ ਅਨੰਤ ਵੰਨ-ਸਵੰਨਤਾ ਤੁਹਾਡੀ ਸਰਬ-ਵਿਆਪਕ ਸਤਾ ਦਾ ਹੀ ਇਕ ਰੂਪ ਹੈ। ਇਹ ਭਾਵ ਇਸ ਤੱਥ ਵੱਲ ਸੰਕੇਤ ਕਰਦਾ ਹੈ ਕਿ ਅਸਲ ਜਾਗਰੂਕਤਾ ਹਰ ਕਾਸੇ ਵਿਚ ਉਸ ਅਸੀਮ ਹਾਜ਼ਰਤਾ ਨੂੰ ਪਛਾਣਨ ਵਿਚ ਹੈ। (੪)(੧)

ਤੱਤ: ਭਗਤ ਨਾਮਦੇਵ ਇਕ ਗੂੜ੍ਹ ਸੱਚ ਨੂੰ ਉਜਾਗਰ ਕਰਦੇ ਹਨ ਕਿ ਜੀਵਨ ਦਾ ਮੂਲ ਇਸ ਵਿਚ ਨਹਿਤ ਨਹੀਂ ਕਿ ਅਸੀਂ ਕਿੰਨੇ ਥੋਥੇ ਕਰਮਕਾਂਡ ਨਿਭਾਉਂਦੇ ਹਾਂ, ਸਗੋਂ ਇਸ ਵਿਚ ਹੈ ਕਿ ਸਾਡਾ ਸੰਬੰਧ ਉਸ ਮੂਲ ਸੱਚ ਨਾਲ ਕਿੰਨਾ ਸੱਚਾ ਅਤੇ ਡੂੰਘਾ ਹੈ, ਜੋ ਸਮੂਹ ਜੀਵਨ ਦੇ ਹਰ ਰੂਪ ਵਿਚ ਵਿਆਪਕ ਹੈ। ਸੱਚ ਨਾਲ ਅੰਤਰੀਵੀ ਤੌਰ 'ਤੇ ਇਕ ਪਲ ਲਈ ਹੋਈ ਇਕਸੁਰਤਾ, ਬਿਨਾਂ ਸੂਝ ਦੇ ਸਾਲਾਂ ਤੱਕ ਕੀਤੀਆਂ ਰਸਮੀ ਕਿਰਿਆਵਾਂ ਨਾਲੋਂ ਕਈ ਗੁਣਾ ਵੱਧ ਫਲਦਾਇਕ ਹੋ ਸਕਦੀ ਹੈ। ਜਦੋਂ ਸਾਡੀ ਚੇਤਨਾ, ਨੀਅਤ ਅਤੇ ਕਰਮ ਸਦਭਾਵਨਾ ਪੂਰਨ ਆਪਸ ਵਿਚ ਇਕਸੁਰ ਹੋ ਜਾਂਦੇ ਹਨ, ਤਾਂ ਰੁਪਾਂਤ੍ਰਣ ਕੇਵਲ ਸੰਭਾਵਨਾ ਹੀ ਨਹੀਂ ਰਹਿੰਦਾ, ਸਗੋਂ ਲਗਭਗ ਅਟੱਲ ਖੇਡ ਹੋ ਨਿਬੜਦਾ ਹੈ। ਰੂਹਾਨੀਅਤ ਨੂੰ ਗਿਆਨ ਇਕੱਤਰ ਕਰਨ ਵਾਲੇ ਪੈਮਾਣੇ ਨਾਲ ਨਹੀਂ ਸਗੋਂ ਸਾਡੀ ਸੂਝ ਅਤੇ ਜਾਗ੍ਰਿਤੀ ਦੀ ਅਵਸਥਾ ਨਾਲ ਮਾਪਿਆ ਜਾ ਸਕਦਾ ਹੈ। ਸੱਚ ਦੀ ਇਕ ਗੂੜ੍ਹ ਦ੍ਰਿਸ਼ਟੀ ਸਾਡੇ ਜੀਵਨ ਦੀ ਪੂਰੀ ਦਿਸ਼ਾ ਬਦਲ ਸਕਦੀ ਹੈ, ਅਤੇ ਸਾਡੀ ਅਗਵਾਈ ਇਕ ਅਰਥ ਭਰਪੂਰ ਜੀਵਨ ਵੱਲ ਕਰ ਸਕਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: [OnenessInDiversity.com](OnenessInDiversity.com)

ਈਮੇਲ: **onenessindiversityfoundation@gmail.com**